### ਕਿਰਤ ਮੰਤਰਾਲਾ, ਸਿਖਲਾਈ ਅਤੇ ਕੌਸ਼ਲ ਵਿਕਾਸ

# ਰੇਸਤਰਾਂ ਅਤੇ ਭੋਜਨ ਸੇਵਾ: ਸਿਹਤ ਅਤੇ ਸੁਰੱਖਿਆ ਦੇ ਲਈ ਨਿਰਦੇਸ਼

## ਰੋਜ਼ਗਾਰਦਾਤਾ ਦੀਆਂ ਜ਼ਿੰਮੇਵਾਰੀਆਂ:

ਜੇਕਰ ਤੁਹਾਨੂੰ ਪਤਾ ਲੱਗੇ ਕਿ ਕੋਈ ਕਰਮਚਾਰੀ ਕੰਮ ‘ਤੇ COVID-19 ਦੇ ਸੰਪਰਕ ਵਿੱਚ ਆਇਆ ਹੈ, ਜਾਂ ਕੋਈ ਸੰਬੰਧਤ ਕਲੇਮ WSIB ਵਿੱਚ ਦਰਜ ਕੀਤਾ ਗਿਆ ਹੈ, ਤਾਂ ਮੰਤਰਾਲੇ ਅਤੇ ਆਪਣੇ ਕਾਰਜ-ਸਥਾਨ ਦੀ ਸੰਯੁਕਤ ਸਿਹਤ ਅਤੇ ਸੁਰੱਖਿਆ ਕਮੇਟੀ ਨੂੰ, ਸਿਹਤ ਅਤੇ ਸੁਰੱਖਿਆ ਪ੍ਰਤੀਨਿਧ ਨੂੰ ਅਤੇ ਟ੍ਰੇਡ ਯੂਨੀਅਨ ਨੂੰ ਸੂਚਿਤ ਕਰਨਾ ਯਕੀਨੀ ਬਣਾਓ। ਮੰਤਰਾਲੇ ਦੇ ਸਿਹਤ ਅਤੇ ਸੁਰੱਖਿਆ ਸੰਪਰਕ ਕੇਂਦਰ ਨੂੰ 1-877-202-0008 ‘ਤੇ ਕਾਲ ਕਰੋ।

## ਕਰਮਚਾਰੀ ਦੇ ਅਧਿਕਾਰ:

ਕਰਮਚਾਰੀਆਂ ਕੋਲ ਅਸੁਰੱਖਿਅਤ ਕੰਮ ਕਰਨ ਤੋਂ ਇਨਕਾਰ ਕਰਨ ਦਾ ਅਧਿਕਾਰ ਹੈ। ਜੇਕਰ ਅੰਦਰੂਨੀ ਤੌਰ ‘ਤੇ ਸਿਹਤ ਅਤੇ ਸੁਰੱਖਿਆ ਸੰਬੰਧੀ ਚਿੰਤਾਵਾਂ ਦਾ ਹੱਲ ਨਾ ਕੀਤਾ ਜਾਵੇ, ਤਾਂ ਕਰਮਚਾਰੀ 1-877-202-0008 ‘ਤੇ ਮੰਤਰਾਲੇ ਦੇ ਸਿਹਤ ਅਤੇ ਸੁਰੱਖਿਆ ਸੰਪਰਕ ਕੇਂਦਰ ਵਿੱਚ ਸ਼ਿਕਾਇਤ ਦਰਜ ਕਰਵਾ ਕੇ ਅਮਲ ਕਰਵਾਉਣ ਦੇ ਵਿਕਲਪ ਦੀ ਚੋਣ ਕਰ ਸਕਦਾ ਹੈ।

## ਇਹਨਾਂ ਨੂੰ ਸੁਰੱਖਿਅਤ ਰੱਖੋ:

- ਪ੍ਰਸ਼ਾਸਕ
- ਬਾਰਟੈਂਡਰ
- ਕੈਸ਼ੀਅਰ
- ਰਸੋਈਏ
- ਸਫਾਈ ਕਰਮਚਾਰੀ
- ਬਰਤਨ ਧੋਣ ਵਾਲੇ ਕਰਮਚਾਰੀ
- ਡ੍ਰਾਈਵ-ਥ੍ਰੂ ਆਪਰੇਟਰ
- ਮੇਜ਼ਬਾਨ
- ਲਾਈਨ ਅਤੇ ਪ੍ਰੈੱਪ ਕੁਕ
- ਦੇਖਰੇਖ ਸਟਾਫ
- ਪੇਸਟ੍ਰੀ ਸ਼ੈੱਫ ਅਤੇ ਬੇਕਰ
- ਸਰਵਰ ਅਤੇ ਵੇਟਰ




ਸਟਾਫ, ਗਾਹਕਾਂ ਅਤੇ ਮੈਨੇਜਮੈਂਟ ਵਿਚਕਾਰ 2-ਮੀਟਰਾਂ ਦੀ ਦੂਰੀ ਬਣਾ ਕੇ ਰੱਖੋ



ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਜਾਂ ਅਲਕੋਹਲ-ਅਧਾਰਤ ਹੈਂਡ ਸੈਨੀਟਾਈਜ਼ਰ ਨਾਲ ਸਾਫ ਕਰੋ



ਸਾਂਝੀਆਂ ਸਤਹਾਂ ਨੂੰ ਛੂਹਣ ਵੇਲੇ ਦਸਤਾਨੇ ਪਹਿਣੋ



ਘਰ ਪਹੁੰਚ ਕੇ ਤੁਰੰਤ ਹੀ ਆਪਣੇ ਕੱਪੜੇ ਧੋਵੋ



ਗਾਹਕਾਂ ਨਾਲ ਘੱਟੋ-ਘੱਟ ਸੰਪਰਕ ਬਣਾਓ




ਵੱਖ-ਵੱਖ ਲੰਚ ਦੇ ਸਮੇਂ ਨਿਰਧਾਰਤ ਕਰੋ




ਵੱਖ-ਵੱਖ ਕੰਮ ਦੇ ਸਮਿਆਂ ਨੂੰ ਨਿਰਧਾਰਤ ਕਰੋ



ਗਾਹਕਾਂ ਵਿੱਚਕਾਰ ਦੂਰੀ ਬਣਾਏ ਰੱਖਣ ਲਈ ਜ਼ਮੀਨ ‘ਤੇ ਨਿਸ਼ਾਨ ਲਗਾਓ



ਆਮ ਛੂਹੀਆਂ ਜਾਣ ਵਾਲੀਆਂ ਸਤਹਾਂ ਨੂੰ ਸੈਨੀਟਾਈਜ਼ ਕਰੋ



ਸਮੁੱਚੇ ਸਟਾਫ ਦੇ ਦੇਖਣ ਲਈ ਨਿਯਮਾਂ ਅਤੇ ਪਾਲਸੀਆਂ ਨੂੰ ਪੋਸਟ ਕਰੋ

**Ontario.ca/COVID ‘ਤੇ ਰੇਸਤਰਾਂ ਅਤੇ ਭੋਜਨ ਸੇਵਾ ਲਈ ਮਾਰਗਦਰਸ਼ਨ ਨਾਲ ਸੰਬੰਧਤ ਹੋਰ ਵਸੀਲੇ ਜਾਂ ਸਾਰੇ ਵਸੀਲੇ ਦੇਖੋ।**

Ontario